# State Visit of the President of India to Bangladesh (December 15-17, 2021)

December 06, 2021

## ਭਾਰਤ ਦੇ ਰਾਸ਼ਟਰਪਤੀ ਵੱਲੋ ਬੰਗਲਾਦੇਸ਼ ਦੀ  ਫੇਰੀ (15-17 ਦਸੰਬਰ , 2021)

## 6 ਦਸੰਬਰ, 2021

ਬੰਗਲਾਦੇਸ਼ ਦੇ ਮਾਨਯੋਗ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਅਬਦੁਲ ਹਾਮਿਦ ਦੇ ਸੱਦੇ 'ਤੇ ਭਾਰਤੀ ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ ਬੰਗਲਾਦੇਸ਼ ਦੇ 50ਵੇਂ ਮੁਕਤੀ ਦਿਵਸ ਦੇ ਜਸ਼ਨਾਂ ਵਿੱਚ ਸ਼ਾਮਲ ਹੋਣ ਲਈ 15 ਤੋਂ 17 ਦਸੰਬਰ, 2021 ਤੱਕ ਬੰਗਲਾਦੇਸ਼ ਦਾ ਸਰਕਾਰੀ ਦੌਰਾ ਕਰਨਗੇ।

ਇਸ ਦੌਰੇ ਦੌਰਾਨ ਰਾਸ਼ਟਰਪਤੀ ਬੰਗਲਾਦੇਸ਼ ਦੇ ਰਾਸ਼ਟਰਪਤੀ ਨਾਲ ਵਫ਼ਦ ਪੱਧਰ ਦੀ ਬੈਠਕ ਕਰਨਗੇ। ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਮਹਾਮਹਿਮ  ਸ਼੍ਰੀਮਤੀ ਸ਼ੇਖ ਹਸੀਨਾ ਰਾਸ਼ਟਰਪਤੀ ਨਾਲ ਮੁਲਾਕਾਤ ਕਰਨਗੇ। ਉਹ ਬੰਗਲਾਦੇਸ਼ ਦੇ ਵਿਦੇਸ਼ ਮੰਤਰੀ ਮਹਾਮਹਿਮ ਡਾ:  ਏ.ਕੇ. ਅਬਦੁਲ ਮੋਮਨ ਨੂੰ ਵੀ ਮਿਲਣਗੇ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਬੰਗਲਾਦੇਸ਼ ਦੀ ਆਜ਼ਾਦੀ ਦੀ ਸੁਨਹਿਰੀ ਵਰ੍ਹੇਗੰਢ, ਰਾਸ਼ਟਰਪਿਤਾ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਦੀ ਜਨਮ ਸ਼ਤਾਬਦੀ ਅਤੇ ਦੋਵਾਂ ਦੇਸ਼ਾਂ ਦਰਮਿਆਨ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 50 ਸਾਲ ਪੂਰੇ ਹੋਣ ਦੇ ਜਸ਼ਨਾਂ' ਚ ਭਾਗ ਲੈਣ ਲਈ 26 ਤੋਂ 27 ਮਾਰਚ, 2021 ਤੱਕ ਬੰਗਲਾਦੇਸ਼ ਦਾ ਰਾਜਕੀ ਦੌਰਾ ਕੀਤਾ ਸੀ।

ਬੰਗਲਾਦੇਸ਼ ਭਾਰਤ ਦੀ ਨੇਬਰਹੁੱਡ ਫਸਟ ਨੀਤੀ ਦਾ ਪ੍ਰਮੁੱਖ ਥੰਮ੍ਹ ਹੈ। ਭਾਰਤ ਅਤੇ ਬੰਗਲਾਦੇਸ਼ ਦਰਮਿਆਨ ਸੁਰੱਖਿਆ, ਸਰਹੱਦੀ ਪ੍ਰਬੰਧਨ ਅਤੇ ਰੱਖਿਆ, ਜਲ ਸਰੋਤ, ਵਪਾਰ, ਟਰਾਂਸਪੋਰਟ ਅਤੇ ਸੰਪਰਕ, ਸਿਹਤ, ਸੱਭਿਆਚਾਰ ਅਤੇ ਲੋਕ ਪੱਧਰੀ ਸਬੰਧਾਂ, ਊਰਜਾ ਅਤੇ ਸ਼ਕਤੀ ਤੋਂ ਲੈ ਕੇ ਵਿਕਾਸ ਭਾਈਵਾਲੀ ਤੱਕ ਵੱਖ -  ਵੱਖ  ਖੇਤਰਾਂ ਵਿੱਚ ਪ੍ਰਗਤੀਸ਼ੀਲ, ਵਿਆਪਕ ਅਤੇ ਮਹੱਤਵਪੂਰਨ ਸਹਿਯੋਗ ਹੁੰਦਾ ਹੈ। ਦੋਵਾਂ ਦੇਸ਼ਾਂ ਨੇ COVID -19 ਮਹਾਮਾਰੀ ਦੌਰਾਨ ਚੁਣੌਤੀਆਂ ਨਾਲ ਨਜਿੱਠਣ ਲਈ ਨੇੜਿਓ ਸਹਿਯੋਗ ਕੀਤਾ ਹੈ।

ਇਸ ਇਤਿਹਾਸਕ ਮੌਕੇ 'ਤੇ ਹੋਣ ਵਾਲੀ ਰਾਸ਼ਟਰਪਤੀ ਦੀ ਫੇਰੀ ਦੋਨਾਂ ਦੇਸ਼ਾਂ ਵੱਲੋਂ ਦੁਵੱਲੇ ਸਬੰਧਾਂ ਨੂੰ ਦਿੱਤੀ ਜਾਂਦੀ ਮਹੱਤਤਾ ਦਾ ਪ੍ਰਤੀਕ ਹੈ। ਇਸ ਨਾਲ ਇਤਿਹਾਸਕ ਅਤੇ ਸੱਭਿਆਚਾਰਕ ਸਬੰਧਾਂ, ਆਪਸੀ ਵਿਸ਼ਵਾਸ ਅਤੇ ਸਮਝ ਦੇ ਅਧਾਰ 'ਤੇ ਬਹੁਪੱਖੀ ਅਤੇ ਅਟੱਲ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਦੋਵਾਂ ਦੇਸ਼ਾਂ ਦੀ ਸਾਂਝੀ ਇੱਛਾ ਦੀ ਤਸਦੀਕ ਵੀ ਹੁੰਦੀ ਹੈ।

ਨਵੀਂ ਦਿੱਲੀ
6 ਦਸੰਬਰ , 2021

DISCLAIMER: This is an approximate translation. The original is available in English on MEA's website and may be referred to as the official press release.